**ਦਫਤਰ ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ**

**ਪ੍ਰੈਸ ਨੋਟ**

**ਮਿਤੀ: 21 ਮਈ 2024**

**ਫਿਰੋਜ਼ਪੁਰ ਪੁਲਿਸ ਨੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਦੇਂ ਹੋਏ 03 ਦੋਸ਼ੀਆਂ ਨੂੰ ਕਾਬੂ ਕੀਤਾ ਅਤੇ ਉਨ੍ਹਾਂ ਦੁਆਰਾ ਵਾਰਦਾਤ ਵਿੱਚ ਇਸਤੇਮਾਲ ਕੀਤਾ ਹੋਇਆ ਮੋਟਰਸਾਇਕਲ ਵੀ ਬਰਾਮਦ ਕੀਤਾ।**

- **ਦੋਸ਼ੀ ਵਿਅਕਤੀ ਦਾ ਨਾਮ ਅਤੇ ਪੂਰਾ ਪਤਾ:-**
  **1. ਨਵਦੀਪ ਸਿੰਘ ਉਰਫ ਨਵ ਪੁੱਤਰ ਨਿਰਵੈਰ ਸਿੰਘ ਵਾਸੀ ਕੁਆਟਰ ਨੰ: 8 ਅੰਮ੍ਰਿਤਸਰ ਰੋਡ ਹਰੀਕੇ (ਗ੍ਰਿਫਤਾਰ) ਉਮਰ ਕ੍ਰੀਬ 21 ਸਾਲ**
  **2. ਜਸਕਰਨ ਸਿੰਘ ਉਰਫ ਜੱਸ ਪੁੱਤਰ ਦਰਬਾਰਾ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਪਲਾਟ ਬਸਤੀ ਹਰੀਕੇ ਥਾਣਾ ਹਰੀਕੇ ਜਿਲਾ ਤਰਨਤਾਰਨ (ਗ੍ਰਿਫਤਾਰ) ਉਮਰ ਕ੍ਰੀਬ 22 ਸਾਲ**
  **3. ਇੱਕ ਜੁਵੈਨਾਇਲ**

- **ਬਰਾਮਦਗੀ ਦਾ ਵੇਰਵਾ:- ਮੁਕੱਦਮਾ ਦੀ ਵਾਰਦਾਤ ਵਿੱਚ ਵਰਤਿਆ ਗਿਆ 01 ਮੋਟਰਸਾਇਕਲ**

**ਸੰਖੇਪ ਹਲਾਤ**

ਸ਼੍ਰੀਮਤੀ ਸੋਮਿਆ ਮਿਸ਼ਰਾ, ਆਈ.ਪੀ.ਐਸ, ਐਸ.ਐਸ.ਪੀ. ਫਿਰੋਜਪੁਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ।ਇਸ ਲੜੀ ਵਿੱਚ ਜਿਲ੍ਹਾਂ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਮਿਤੀ 09-05-2024 ਨੂੰ ਥਾਣਾ ਮੱਖੂ ਜਿਲਾ ਫਿਰੋਜਪੁਰ ਵਿਖੇ ਇੱਕ ਇਤਲਾਹ ਮੋਸੂਲ ਹੋਈ ਕਿ ਪੁਰਾਣਾ ਹਰੀਕੇ ਹੈਡ ਪੁਲ ਪਾਸ ਕੱਚੀ ਪਟੜੀ ਪਰ ਇੱਕ ਅਨਪਾਛਾਤੇ ਵਿਅਕਤੀ ਦੀ ਲਾਸ਼ ਪਈ ਹੈ ਜਿਸਤੇ ਥਾਣਾ ਮੱਖੂ ਤੋ ਮੁੱਖ ਅਫਸਰ ਇੰਸ: ਗੁਰਪ੍ਰੀਤ ਸਿੰਘ ਸਮੇਤ ਪੁਲਿਸ ਪਾਰਟੀ ਮੋਕਾ ਪਰ ਪੁੱਜੇ ਅਤੇ

ਵੇਖਿਆ ਕਿ ਇੱਕ ਅਨਪਛਾਤੇ ਵਿਅਕਤੀ ਦੀ ਲਾਸ਼ ਪਈ ਹੈ ਜਿਸਦੀ ਉਮਰ ਕਰੀਬ 32-33 ਸਾਲ ਹੈ ਅਤੇ ਸਿਰ ਪਰ ਸੱਟਾ ਦੇ ਨਿਸ਼ਾਨ ਹਨ ਅਤੇ ਹੱਥ ਅਤੇ ਮੂੰਹ ਬੰਨੇ ਹੋਏ ਹਨ ਜਿਸਤੇ ਥਾਣਾ ਮੱਖੂ ਵਿਖੇ ਮੁਕੱਦਮਾ ਨੰ: 51 ਮਿਤੀ 09-05-2024 ਅ/ਧ 302 ਭ:ਦ ਥਾਂਣਾ ਮੱਖੂ ਬਰਖਿਲਾਫ ਨਾ ਮਾਲੂਮ ਵਿਅਕਤੀਆ ਦੇ ਦਰਜ ਰਜਿਸਟਰ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ

ਇਸ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਜੇਰੇ ਅਗਵਾਈ ਸ੍ਰੀ ਰਣਧੀਰ ਕੁਮਾਰ,IPS , ਐਸ ਪੀ ਡੀ ਫਿਰੋਜਪੁਰ,ਸ: ਬਲਕਾਰ ਸਿੰਘ ਪੀ.ਪੀ.ਐਸ., ਡੀ ਐਸ ਪੀ ਡੀ ਫਿਰੋਜਪੁਰ,ਸ: ਗੁਰਦੀਪ ਸਿੰਘ, ਪੀ.ਪੀ.ਐਸ., ਡੀ ਐਸ ਪੀ (ਸ:ਡ) ਜੀਰਾ ਜੀ ਦੀ ਅਗਵਾਈ ਹੇਠ ਸੀ ਆਈ ਏ ਫਿਰੋਜਪੁਰ ਅਤੇ ਥਾਣਾ ਮੱਖੂ ਤੋ ਵੱਖ ਵੱਖ ਟੀਮਾ ਦਾ ਗਠਨ ਕੀਤਾ ਗਿਆ ਜਿਸਤੇ ਉਕਤ ਟੀਮਾ ਵੱਲੋ ਤਫਤੀਸ਼ ਦੋਰਾਨ ਅਨਪਛਾਤੇ ਮ੍ਰਿਤਕ ਵਿਅਕਤੀ ਦੀ ਪਹਿਚਾਨ ਜਸ਼ਨਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਗੋਰਖਾ ਜਿਲਾ ਤਰਨਤਾਰਨ ਵਜੋ ਕੀਤੀ ਗਈ ।

ਉਕਤ ਟੀਮਾ ਵੱਲੋ ਖੁਫਿਆ ਸੋਰਸਾਂ ਅਤੇ ਟੈਕਨੀਕਲ ਸੋਰਸਾਂ ਦੀ ਸਹਾਇਤਾ ਲੈਂਦੇ ਹੋਏ ਉਕਤ ਅੰਨੇ ਕਤਲ ਦੀ ਗੁੱਥੀ ਨੂੰ ਸੁਲਝਾ ਕੇ ਮੁਕੱਦਮਾ ਵਿੱਚ ਦੋਸੀ ਨਵਦੀਪ ਸਿੰਘ ਉਰਫ ਨਵ ਪੁੱਤਰ ਨਿਰਵੈਰ ਸਿੰਘ ਵਾਸੀ ਕੁਆਟਰ ਨੰ: 8 ਅੰਮ੍ਰਿਤਸਰ ਰੋਡ ਹਰੀਕੇ, ਜਸਕਰਨ ਸਿੰਘ ਉਰਫ ਜੱਸ ਪੁੱਤਰ ਦਰਬਾਰਾ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਪਲਾਟ ਬਸਤੀ ਹਰੀਕੇ ਥਾਣਾ ਹਰੀਕੇ ਜਿਲਾ ਤਰਨਤਾਰਨ ਅਤੇ ਇੱਕ ਜੂਵੈਨਾਇਲ ਨੂੰ ਜਾਬਤਾ ਅਨੁਸਾਰ ਮੁਕੱਦਮਾ ਉਕਤ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ।

ਦੋਰਾਨੇ ਤਫਤੀਸ਼ ਇੱਹ ਗੱਲ ਸਾਹਮਣੇ ਆਈ ਹੈ ਕਿ ਉਕਤ ਦੋਸ਼ੀਆ ਵੱਲੋ ਜਸ਼ਨਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਗੋਰਖਾ ਜਿਲਾ ਤਰਨਤਾਰਨ ਦੀ ਆਪਸੀ ਰੰਜਿਸ਼ ਦੇ ਚੱਲਦੇ ਹੋਏ ਪਹਿਲਾ ਜਸ਼ਨਪ੍ਰੀਤ ਸਿੰਘ ਦੀ ਕੁੱਟ ਮਾਰ ਕਰਕੇ ਅੱਧ ਮੋਇਆ ਕਰ ਦਿੱਤਾ ਅਤੇ ਬਾਅਦ ਵਿੱਚ ਦੋਨਾਂ ਦੋਸ਼ੀਆ ਨਵਦੀਪ ਸਿੰਘ ਉਰਫ ਨਵ ਪੁੱਤਰ ਨਿਰਵੈਰ ਸਿੰਘ ਵਾਸੀ ਕੁਆਟਰ ਨੰ: 8 ਅੰਮ੍ਰਿਤਸਰ ਰੋਡ ਹਰੀਕੇ, ਜਸਕਰਨ ਸਿੰਘ ਉਰਫ ਜੱਸ ਪੁੱਤਰ ਦਰਬਾਰਾ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਪਲਾਟ ਬਸਤੀ ਹਰੀਕੇ ਥਾਣਾ ਹਰੀਕੇ ਜਿਲਾ ਤਰਨਤਾਰਨ ਵੱਲੋ ਆਪਣੇ ਮੋਟਰਸਾਇਕਲ ਪਰ ਜਬਰਦਸਤੀ ਬਿਠਾ ਕੇ ਪੁਰਾਣਾ ਹਰੀਕੇ ਹੈਡ ਪੁਲ ਪਾਸ ਕੱਚੀ ਪਟੜੀ ਪਰ ਲਿਆ ਕੇ ਸਿਰ ਵਿੱਚ ਗੋਲੀ ਮਾਰ ਕੇ ਕਤਲ ਕੀਤਾ ਗਿਆ ਹੈ। ਦੋਸ਼ੀਆਂ ਨੇ ਪੁੱਛ-ਗਿੱਛ ਦੋਰਾਨ ਇਹ ਵੀ ਮੰਨਿਆ ਕਿ ਉਹਨਾਂ ਨੇ ਆਪਣੇ ਹੋਰ ਸਾਥੀਆਂ

ਨਾਲ ਉਕਤ ਮੁਕਦਮੇ ਦੀ ਵਾਰਦਾਤ ਤੋਂ ਦੋ ਦਿਨ ਪਹਿਲਾਂ ਥਾਣਾ ਸਦਰ ਜ਼ੀਰਾ ਦੇ ਪਿੰਡ ਮਨਸੂਰਵਾਲ ਕੋਲੋਂ ਕਿਸੇ ਵਿਅਕਤੀ ਪਾਸੋਂ ਇੱਕ ਮੋਟਰਸਾਇਕਲ ਖੋਇਆ ਸੀ ਅਤੇ ਉਸ ਤੋ ਬਾਅਦ ਥਾਣਾ ਸਦਰ ਮੋਗਾ ਦੇ ਏਰੀਆ ਵਿੱਚੋ ਇੱਕ ਪੈਟਰੋਲ ਪੰਪ ਤੋਂ 60000 ਰੁਪਏ ਦੀ ਲੂੱਟ, ਥਾਣਾ ਕੋਟ ਈਸੇ ਖਾਂ ਦੇ ਏਰੀਆ ਵਿੱਚ ਪਿੰਡ ਮੰਦਰ ਪਾਸ ਇਕ ਪੈਟ੍ਰੋਲ ਪੰਪ ਤੋਂ 20000 ਰੁਪਏ ਦੀ ਲੂੱਟ ਅਤੇ ਥਾਣਾ ਫਤੇਹਗੜ੍ਹ ਪੰਜਤੂਰ ਦੇ ਏਰੀਆ ਵਿੱਚ ਮੱਖੂ ਰੋਡ ਪਰ ਪੈਂਦੇ ਇਕ ਟੋਲ ਪਲਾਜੇ ਤੋਂ 9800 ਰੁਪਏ ਦੀ ਲੂੱਟ ਕੀਤੀ ਸੀ ਮੁੱਕਦਮਾ ਦੀ ਤਫਤੀਸ਼ ਜਾਰੀ ਹੈ ।